# ਖ਼ਾਲਸਾ ਸਕੂਲ ਕੈਲਗਰੀ

# ਪੰਜਾਬੀ ਖ਼ਬਰਨਾਮਾ

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਹਿ।।

## ਮਾਪੇ-ਅਧਿਆਪਕ ਕਾਨਫਰੰਸ

**ਵੀਰਵਾਰ, ਮਾਰਚ 7 ਸ਼ਾਮ ਨੂੰ 3:30 ਤੋਂ 7:30 ਤੱਕ**

**ਸ਼ੁੱਕਰਵਾਰ, ਮਾਰਚ 8 ਸਵੇਰ ਨੂੰ 8:10 ਤੋਂ -ਦੁਪਹਿਰ12:30 ਤੱਕ**

ਇਹ ਕਾਨਫਰੰਸਾਂ ਖ਼ਾਲਸਾ ਸਕੂਲ ਕੈਲਗਰੀ ਵਿਖੇ ਵਿਅਕਤੀਗਤ ਤੌਰ ਤੇ ਹੋਣਗੀਆਂ। ਇਹਨਾਂ ਦਿਨਾਂ ਦੌਰਾਨ ਵਿਦਿਆਰਥੀਆਂ ਦੀਆਂ ਕਲਾਸਾਂ ਨਹੀ ਹੋਣਗੀਆਂ,ਪਰ ਅਸੀਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਨਾਲ਼ ਕਾਨਫਰੰਸਾਂ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਦੇ ਹਾਂ।

**ਕਿੰਡਰਗਾਰਟਨ ਤੋਂ ਛੇਵੀਂ ਗ੍ਰੇਡ ਦੀਆਂ ਸਾਰੀਆਂ ਕਾਨਫਰੰਸਾਂ ਨਿਰਧਾਰਿਤ ਸਮੇਂ ਤੇ ਹੋਣਗੀਆਂ। ਗ੍ਰੇਡ 7-9, ਪੰਜਾਬੀ ਕੀਰਤਨ ਅਤੇ ਪੀਈ ਕਾਨਫਰੰਸ ਲਈ ਆਪ ਜੀ ਸਿੱਧੇ ਅਧਿਅਪਕ ਨੂੰ ਮਿਲ ਸਕਦੇ ਹੋ ਅਤੇ ਕਿਸੇ ਵੀ ਮੀਟਿੰਗ ਨੂੰ ਬੁੱਕ ਕਰਨ ਦੀ ਲੋੜ ਨਹੀਂ ਹੈ। ਕਿੰਡਰਗਾਰਟਨ ਤੋਂ ਗ੍ਰੇਡ 7 ਤੱਕ ਅਤੇ ਕੀਰਤਨ ਤੇ ਤਬਲੇ ਦੇ ਅਧਿਆਪਕ ਆਪਣੇ ਕਲਾਸ ਰੂਮ ਵਿੱਚ ਮਿਲਣਗੇ। ਗ੍ਰੇਡ 8, 9 ਅਤੇ ਪੰਜਾਬੀ ਦੇ ਸਾਰੇ ਅਧਿਆਪਕ ਵੱਡੇ ਜਿੰਮ ਵਿੱਚ ਹੋਣਗੇ।**

ਕਿਰਪਾ ਕਰਕੇ ਦੋਵੇਂ ਦਿਨ ਪੰਜਾਬੀ ,ਕੀਰਤਨ ਅਤੇ ਪੀਈ ਅਧਿਆਪਕ ਲਈ ਨੀਯਤ ਬਰੇਕਾਂ ਨੂੰ ਨੋਟ ਕਰੋ :

* 7 ਮਾਰਚ ਨੂੰ ਸ਼ਾਮ 5:30 ਵਜੇ ਤੋਂ ਸ਼ਾਮ 6:00 ਵਜੇ ਤੱਕ ਪੰਜਾਬੀ, ਕੀਰਤਨ ਅਤੇ ਜਿੰਮ ਅਧਿਆਪਕ ਉਪਲਬਧ ਨਹੀਂ ਹੋਣਗੇ।
* 8 ਮਾਰਚ ਨੂੰ ਸਵੇਰੇ 10:00 ਵਜੇ ਤੋਂ 10:20 ਵਜੇ ਤੱਕ ਪੰਜਾਬੀ, ਕੀਰਤਨ ਅਤੇ ਜਿੰਮ ਅਧਿਆਪਕ ਉਪਲਬਧ ਨਹੀਂ ਹੋਣਗੇ।

ਮੀਟਿੰਗ ਲਈ ਬੁਕਿੰਗ ਵੀਰਵਾਰ, 15 ਫ਼ਰਵਰੀ ਨੂੰ ਸ਼ਾਮ 5 ਵਜੇ ਤੋਂ ਖੁੱਲੀ ਹੈ ਅਤੇ ਬੁੱਧਵਾਰ, 6 ਮਾਰਚ ਨੂੰ ਸ਼ਾਮ 5:00 ਵਜੇ ਬੰਦ ਹੋਵੇਗੀ। ਕਿਰਪਾ ਕਰਕੇ ਤੁਹਾਡੇ ਵੱਲੋਂ ਸਕੂਲੀ ਸਾਲ ਦੀ ਸ਼ੁਰੂਆਤ ਵਿੱਚ ਬਣਾਏ ਗਏ ਯੂਜ਼ਰਨਾਮ ਅਤੇ ਪਾਸਵਰਡ ਦੀ ਵਰਤੋਂ ਕਰਕੇ https://ksc.schoolappointments.com ਤੇ ਲੌਗ ਇਨ ਕਰੋ। ਕਿਸੇ ਵੀ ਮੀਟਿੰਗ ਦਾ ਸਮਾਂ ਬੁੱਕ ਕਰਦੇ ਸਮੇਂ, ਆਪਣੇ ਬੱਚੇ ਦਾ ਨਾਮ ਵਰਤੋ, ਨਾ ਕਿ ਮਾਪਿਆਂ ਦਾ।

ਕਿਸੇ ਵੀ ਹੋਰ ਸਵਾਲ ਲਈ, ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।

ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਫ਼ਰਵਰੀ ਮਹੀਨੇ ਵਿੱਚ ਆਏ ਇਤਿਹਾਸਿਕ ਦਿਹਾੜੇ ਵੱਡਾ ਘੱਲੂਘਾਰਾ, ਜਨਮ ਦਿਹਾੜਾ ਬਾਬਾ ਅਜੀਤ ਸਿੰਘ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ, ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਮਾਰਚ ਮਹੀਨੇ ਵਿੱਚ ਖ਼ਾਲਸਾ ਸਾਜਨਾ ਦਿਵਸ ਅਤੇ ਹੋਲਾ-ਮਹੱਲਾ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।





## ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ।।
## ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ।।

**14 ਮਾਰਚ, 1 ਚੇਤ (ਬਿਕ੍ਰਮੀ ਸਾਲ 2080-81) ਨਾਨਕਸ਼ਾਹੀ ਸੰਮਤ 555**

ਖ਼ਾਲਸਾ ਸਕੂਲ ਕੈਲਗਰੀ ਦੇ ਬੋਰਡ ਮੈਂਬਰ, ਪ੍ਰਬੰਧਕ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਆਪ ਸਭ ਨੂੰ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 555 ਦੀਆਂ ਬਹੁਤ-ਬਹੁਤ ਵਧਾਈਆਂ। ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਹੈ ਕਿ ਇਹ ਸਾਲ ਆਪ ਸਭ ਲਈ ਸੇਵਾ, ਸਿਮਰਨ, ਸੰਗਤ, ਤੰਦਰੁਸਤੀ ਅਤੇ ਖੁਸ਼ੀਆਂ ਖੇੜੇ ਲੈ ਕੇ ਆਵੈ।

## ਖ਼ਾਲਸਾ ਸਾਜਨਾ ਦਿਵਸ ਅਤੇ ਹੋਲਾ ਮਹੱਲਾ

**ਆਪ ਸਭ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ।**

ਖ਼ਾਲਸਾ ਸਕੂਲ ਵਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਹੋਲਾ ਮਹੱਲਾ ਦਿਨ ਵੀਰਵਾਰ, 29 ਮਾਰਚ, 2024 ਨੂੰ ਮਨਾਇਆ ਜਾ ਰਿਹਾ ਹੈ। 8:25-9:15 ਵਿਸ਼ੇਸ ਅਸੈਂਬਲੀ ਜੋ ਕਿ ਹੋਲਾ ਮਹੱਲਾ ਅਤੇ 325 ਵੇਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹੋਵੇਗੀ। ਇਸ ਦਿਨ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਵੇਗਾ ਅਤੇ ਗੱਤਕੇ ਦੇ ਜੌਹਰ ਦਿਖਾਏ ਜਾਣਗੇ। ਸਵੇਰ 10 ਤੋਂ  ਦੁਪਹਿਰ 12 ਵਜੇ ਗ੍ਰੇਡ 1-6 ਦੇ ਵਿਦਿਆਰਥੀ ਵਿਸਾਖੀ ਨੂੰ ਸਮਰਪਿਤ ਸੈਂਟਰਾਂ ਵਿੱਚ ਜਾਣਕਾਰੀ ਪ੍ਰਾਪਤ ਕਰਨਗੇ। ਗ੍ਰੇਡ 7-9 ਦੇ ਵਿਦਿਆਰਥੀਆਂ ਨੂੰ ਮਹਿਮਾਨ ਬੁਲਾਰੇ ਸੰਬੋਧਨ ਕਰਨਗੇ। ਸ਼ਾਮ ਨੂੰ ਸਾਰੇ ਵਿਦਿਆਰਥੀ ਆਪਣੀ ਕਲਾਸ ਵਿੱਚ ਵਿਸਾਖੀ ਥੀਮ ਪੋਸਟਰ ਮੁਕਾਬਲੇ ਵਿੱਚ ਭਾਗ ਲੈਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਆਪ ਜੀ ਨਾਲ਼ ਆਉਣ ਵਾਲ਼ੇ ਦਿਨਾਂ ਵਿੱਚ ਸਾਂਝੀ ਕੀਤੀ ਜਵੇਗੀ।

